BC CLA BRITISH COLUMBIA CIVIL LIBERTIES ASSOCIATION

# ਗਿਰਫ਼ਤਾਰੀ ਸੰਬੰਧੀ ਪਾਕੇਟਬੁੱਕ

## ਤੁਹਾਡੇ ਅਧਿਕਾਰਾਂ ਸੰਬੰਧੀ ਗਾਈਡ



# ਮਹੱਤਵਪੂਰਨ ਨੋਟਿਸ ਅਤੇ ਯੋਗਤਾ

ਇਹ ਪਾਕੇਟਬੁੱਕ ਸਿਰਫ ਜਾਣਕਾਰੀ ਅਤੇ ਵਿਦਿਅਕ ਉਦੇਸ਼ਾਂ ਲਈ ਤਿਆਰ ਅਤੇ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਕਨੂੰਨੀ ਸਲਾਹ ਨਹੀਂ ਹੈ, ਅਤੇ ਨਾ ਹੀ ਇਹ ਕਿਸੇ ਵੀ ਤਰ੍ਹਾਂ ਕਿਸੇ ਯੋਗ ਵਕੀਲ ਦੀ ਕਾਨੂੰਨੀ ਸਲਾਹ ਦਾ ਬਦਲ ਵੀ ਨਹੀਂ ਹੈ। ਵਿਸ਼ੇਸ਼ ਕਾਨੂੰਨੀ ਸਮੱਸਿਆਵਾਂ ਵਾਲੇ ਵਿਅਕਤੀਆਂ ਨੂੰ ਕਿਸੇ ਯੋਗ ਵਕੀਲ ਤੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਸਮੱਗਰੀ ਨੂੰ ਵਪਾਰਕ ਵਰਤੋਂ ਲਈ ਦੁਬਾਰਾ ਤੋਂ ਤਿਆਰ ਨਹੀਂ ਜਾ ਸਕਦਾ, ਪਰ ਜੇ ਕੋਈ ਹੋਰ ਨਵੀਂ ਤਿਆਰ ਕਰਨੀ ਹੋਵੇ ਤਾਂ ਉਸਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਜਿੱਥੇ ਇਹ ਸਮੱਗਰੀ ਦੁਬਾਰਾ ਤਿਆਰ ਕੀਤੀ ਜਾਂਦੀ ਹੈ ਅਤੇ ਵਿਦਿਅਕ ਜਾਂ ਹੋਰ ਉਦੇਸ਼ਾਂ ਲਈ ਵੰਡੀ ਜਾਂਦੀ ਹੈ, ਤਾਂ BC ਸਿਵਲ ਲਿਬਰਟੀਜ਼ ਐਸੋਸੀਏਸ਼ਨ ਨੂੰ ਹੀ ਮੁੱਖ ਮੰਨਿਆ ਜਾਣਾ ਚਾਹੀਦਾ ਹੈ।

B.C.ਸਿਵਲ ਲਿਬਰਟੀਜ਼ ਐਸੋਸੀਏਸ਼ਨ (BCCLA) ਕੈਨੇਡਾ ਵਿੱਚ ਸਭ ਤੋਂ ਪੁਰਾਣਾ ਅਤੇ ਸਭ ਤੋਂ ਵੱਧ ਸਰਗਰਮ ਸਿਵਲ ਲਿਬਰਟੀਜ਼ ਗਰੁੱਪ ਹੈ। ਅਸੀਂ ਇਹ ਪਾਕੇਟਬੁੱਕ ਨੂੰ ਲੋਕਾਂ ਨੂੰ ਜਾਣਕਾਰੀ ਪਰਦਾਨ ਕਰਕੇ ਉਹਨਾਂ ਨੂੰ ਤਾਕਤਵਾਰ ਬਣਾਉਣ ਲਈ ਪਰਕਾਸ਼ਿਤ ਕੀਤਾ ਹੈ ਤਾਂ ਜੋ ਉਹ ਜਾਣ ਸਕਣ ਕਿ ਉਹਨਾਂ ਦੇ ਕੀ ਅਧਿਕਾਰ ਹੁੰਦੇ ਹਨ ਜਦੋਂ ਉਹ ਪੁਲਿਸ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਗੱਲਬਾਤ ਕਰਦੇ ਹਨ।

ਇਹ ਕਿਤਾਬ ਪਾਕੇਟ ਦੇ ਸਾਇਜ਼ ਦੀ ਹੈ, ਜੋ ਕਿ BCCLA ਦੀ ਗਿਰਫ਼ਤਾਰੀ ਸੰਬੰਧੀ ਹੈਂਡਬੁੱਕ ਦੇ ਮੁਕੰਮਲ ਸੰਸਕਰਣ ਦਾ ਇੱਕ ਛੋਟਾ ਰੂਪ ਹੈ। ਇਸ ਪਾਕੇਟਬੁੱਕ ਦੇ ਪਿਛਲੇ ਪਾਸੇ QR ਕੋਡ ਦੀ ਵਰਤੋਂ ਕਰਕੇ ਗਿਰਫ਼ਤਾਰੀ ਸੰਬੰਧੀ ਕਿਤਾਬਚਾ ਦਾ ਇੱਕ ਡਿਜੀਟਲ ਸੰਸਕਰਣ ਡਾਉਨਲੋਡ ਕੀਤਾ ਜਾ ਸਕਦਾ ਹੈ।

ਇਹ ਪਾਕੇਟਬੁੱਕ ਕੈਂਟੋਨੀਜ਼, ਫਰੈਂਚ, ਮੈਂਡਰਿਨ, ਪੰਜਾਬੀ ਅਤੇ ਸਪੈਨਿਸ਼ ਵਿੱਚ ਉਪਲਬਧ ਹੈ।

BC ਸਿਵਲ ਲਿਬਰਟੀਜ਼ ਐਸੋਸੀਏਸ਼ਨ ਵੱਲੋਂ ਇਸ ਪਰੋਜੈਕਟ ਲਈ ਵਿੱਤੀ ਸਹਾਇਤਾ ਪਰਦਾਨ ਕਰਨ ਲਈ BC ਦੀ ਲਾਅ ਫਾਊਂਡੇਸ਼ਨ ਅਤੇ ਫਿਊਚਰ ਫੰਡ ਲਈ ਕੈਨੇਡੀਅਨ ਬਾਰ ਲਾਅ ਦਾ ਵਿਸ਼ੇਸ਼ ਧੰਨਵਾਦ ਕੀਤਾ ਜਾਂਦਾ ਹੈ।

**www.bccla.org**

© BC ਸਿਵਲ ਲਿਬਰਟੀਜ਼ ਐਸੋਸੀਏਸ਼ਨ, 2023

BC ਸਿਵਲ ਲਿਬਰਟੀਜ਼ ਐਸੋਸੀਏਸ਼ਨ Hulquminum (ਹਲਕਮਿਊਨਮ) ਜੋ xʷməθkʷəy̓əm (ਮਸਕਿਊਮ) ਅਤੇ səl̓ilw̓ətaʔɬ (ਸਲੇਅ-ਵਾਟੁੱਥ) ਬੋਲਣ ਵਾਲੀਆਂ ਕੌਮਾਂ ਹਨ, ਅਤੇ Skwxwú7mesh sníchim (ਸ਼ਕੌਮਸ਼ ਸਨੀਕਾਈਮ) ਜੋ Skwxwú7mesh Úxwumixw (ਸ਼ਕੌਮਸ਼) ਬੋਲਣ ਵਾਲੀ ਕੌਮ ਹੈ, ਦੇ ਪਰੰਪਰਾਗਤ, ਗੈਰ-ਰਾਜਕੀ ਇਕਾਈ ਅਤੇ ਜੱਦੀ ਪਰ੍ਦੇਸ਼ਾਂ 'ਤੇ ਆਧਾਰਿਤ ਹੈ। ਇਹ ਜ਼ਮੀਨਾਂ ਹਥਿਆ ਲਈਆਂ ਗਈਆਂ। ਇੱਕ ਮੁੱਖ ਤੌਰ 'ਤੇ ਵਸਣ ਵਾਲੇ ਸੰਗਠਨ ਦੇ ਰੂਪ ਵਿੱਚ, ਅਸੀਂ ਇਹਨਾਂ ਜ਼ਮੀਨਾਂ 'ਤੇ ਸਾਡੇ ਲਗਾਤਾਰ ਕਬਜ਼ੇ ਦੇ ਕਾਰਨ ਹੋਈ ਇਸ ਬਸਤੀਵਾਦੀ ਹਿੰਸਾ ਵਿੱਚ ਸਾਡੀ ਸ਼ਮੂਲੀਅਤ ਨੂੰ ਸਵੀਕਾਰ ਕਰਦੇ ਹਾਂ। ਸਾਡਾ ਕੰਮ ਸੈਂਕੜੇ ਭਿੰਨ ਕੌਮਾਂ ਦੇ ਪਰੰਪਰਾਗਤ ਰਾਜਕੀ ਇਕਾਈਆਂ ਵਿੱਚ ਫੈਲਿਆ ਹੋਇਆ ਹੈ। ਅਸੀਂ ਇਹਨਾਂ ਜ਼ਮੀਨਾਂ ਦੀ ਬਰਬਾਦੀ ਦੇ ਵਿਰੁੱਧ ਚੱਲ ਰਹੇ ਵਿਰੋਧ ਸਮੇਤ ਉਹਨਾਂ ਦੇ ਪਰ੍ਬੰਧਕੀ ਕਾਰਜਾਂ ਲਈ ਧੰਨਵਾਦੀ ਹਾਂ। ਅਸੀਂ ਹੁਣ ਅਤੇ ਭਵਿੱਖ ਵਿੱਚ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਹੋ ਰਹੀ ਉਲੰਘਣਾ ਦਾ ਵਿਰੋਧ ਕਰਨ ਲਈ ਆਪਣੇ ਸਰੋਤਾਂ ਨੂੰ ਵਰਤਣ ਦਾ ਵਾਅਦਾ ਕਰਦੇ ਹਾਂ।

# ਸਮੱਗਰੀ


ਪੁਲਿਸ ਨਾਲ ਗੱਲਬਾਤ ਕਰਨਾ ........ 4
ਖੁਦ ਦੀ ਸਨਾਖ਼ਤ ਕਰਵਾਉਣਾ ........ 5
ਪੁਲਿਸ ਦੀ ਫਿਲਮ ਬਣਾਉਣਾ ........ 6
ਨਜ਼ਰਬੰਦ ਕੀਤਾ ਜਾਣਾ ........ 7
ਡਰਾਈਵਿੰਗ ਦੌਰਾਨ ਨਜ਼ਰਬੰਦ ਕੀਤਾ ਜਾਣਾ ........ 8
ਗਿਰ੍ਫ਼ਤਾਰ ਕੀਤਾ ਜਾਣਾ ........ 9
ਪੁਲਿਸ ਦੁਆਰਾ ਬਲ ਪਰ੍ਯੋਗ ........ 9
ਗਿਰ੍ਫ਼ਤਾਰੀ ਦਾ ਕਾਰਨ ........ 10
ਗਿਰ੍ਫ਼ਤਾਰੀ ਦੇ ਵਾਰੰਟ ........ 11
ਮੈਂਟਲ ਹੈਲਥ ਐਕਟ ਅਤੇ ਅਣ-ਇੱਛਤ ਇਲਾਜ਼ ........ 12
ਵਿਰੋਧ-ਪਰ੍ਦਰਸ਼ਨ ਅਤੇ ਆਦਿਵਾਸੀਆਂ ਵੱਲੋਂ ਵਿਰੋਧ ........ 13
ਨਿੱਜੀ ਤਲਾਸ਼ੀਆਂ ........ 14
ਪੈਟ-ਡਾਊਨ ਤਲਾਸ਼ੀਆਂ ........ 15
ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ ........ 16
ਵਾਹਨਾਂ ਦੀਆਂ ਤਲਾਸ਼ੀਆਂ ........ 18
ਸੈੱਲ ਫੋਨਾਂ ਅਤੇ ਕੰਪਿਊਟਰਾਂ ਦੀਆਂ ਤਲਾਸ਼ੀਆਂ ........ 19
ਜਾਇਦਾਦ ਜ਼ਬਤ ਕਰਨਾ ........ 20
ਮਹੱਤਵਪੂਰਨ ਫ਼ੋਨ ਨੰਬਰ ........ 21

# ਪੁਲਿਸ ਨਾਲ ਗੱਲਬਾਤ ਕਰਨਾ

ਬਹੁਤੀ ਵਾਰੀ, ਤੁਹਾਨੂੰ ਪੁਲਿਸ ਨਾਲ ਗੱਲਬਾਤ ਕਰਨ ਦੀ ਲੋੜ ਨਹੀਂ ਵੀ ਹੁੰਦੀ ਹੈ। ਕਨੂੰਨ ਪੁਲਿਸ ਨੂੰ ਤੁਹਾਨੂੰ ਅਕਾਸਮਿਕ ਢੰਗ ਨਾਲ ਰੋਕਕੇ ਤੁਹਾਡੇ ਤੋਂ ਕੋਈ ਵੀ ਨਿੱਜੀ ਜਾਣਕਾਰੀ ਮੰਗਣ ਦੀ ਇਜਾਜ਼ਤ ਨਹੀ ਦਿੰਦਾ ਹੈ, ਕੁਝ ਖਾਸ ਸੰਦਰਭਾਂ ਨੂੰ ਛੱਡ ਕੇ।

ਪੁਲਿਸ ਤੁਹਾਨੂੰ ਨਜ਼ਰਬੰਦ ਕਰਨ ਦੇ ਕਾਰਨਾਂ ਦਾ ਪਤਾ ਲਗਾਉਣ ਲਈ, ਜਾਂ ਤੁਹਾਡੇ ਬਾਰੇ ਅਤੇ ਤੁਹਾਡੀ ਪਛਾਣ ਦੇ ਲੋਕਾਂ ਬਾਰੇ ਜਾਣਕਾਰੀ ਇੱਕਠੀ ਕਰਨ ਲਈ "ਦੋਸਤਾਨਾ" ਜਾਂ "ਸਵੈ-ਇੱਛਤ" ਗੱਲਬਾਤ ਦਾ ਢੰਗ ਵਰਤ ਸਕਦੀ ਹੈ। ਉਹ ਸਭ ਕੁਝ ਜੋ ਤੁਸੀ ਪੁਲਿਸ ਨੂੰ ਕਹਿੰਦੇ ਹੋ, ਉਹ ਅਦਾਲਤ ਵਿੱਚ ਤੁਹਾਡੇ ਵਿਰੁੱਧ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ। ਤੁਸੀ ਪੁਲਿਸ ਨਾਲ ਗੱਲ ਕਰਨ ਦੀ ਚੋਣ ਕਰ ਸਕਦੇ ਹੋ, ਪਰ ਤੁਹਾਨੂੰ ਪੁਲਿਸ ਨਾਲ ਗੱਲ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਜੇ ਤੁਹਾਨੂੰ ਨਜ਼ਰਬੰਦ ਜਾਂ ਗਿਰਫ਼ਤਾਰ ਨਹੀਂ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਹਮੇਸ਼ਾ ਉੱਥੋਂ ਜਾ ਸਕਦੇ ਹੋ। ਜੇ ਤੁਹਾਨੂੰ ਨਜ਼ਰਬੰਦ ਜਾਂ ਗਿਰਫ਼ਤਾਰ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਕਹਿ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ।"

## ਪੁਲਿਸ ਨੂੰ ਖੁਦ ਦੀ ਸਨਾਖ਼ਤ ਕਰਵਾਉਣਾ

ਤੁਹਾਨੂੰ ਪੁਲਿਸ ਨੂੰ ਆਪਣੀ ਜਾਣਕਾਰੀ ਸਿਰਫ਼ ਉਦੋਂ ਹੀ ਦੇਣੀ ਚਾਹੀਦੀ ਹੈ ਜਦੋਂ:

1. ਤੁਸੀਂ ਗਿਰ੍ਫ਼ਤਾਰ ਹੋ ਗਏ ਹੋਵੋਂ।
2. ਤੁਸੀਂ ਕਾਰ ਚਲਾ ਰਹੇ ਹੋਵੋਂ। ਕਾਰ ਵਿੱਚ ਸਵਾਰ ਯਾਤਰੀਆਂ ਨੂੰ ਪੁਲਿਸ ਨੂੰ ਆਪਣਾ ਨਾਮ ਜਾਂ ਪਤਾ ਦੇਣ ਦੀ ਲੋੜ ਨਹੀਂ ਹੁੰਦੀ ਹੈ।
3. ਕੋਈ ਪੁਲਿਸ ਅਫ਼ਸਰ ਤੁਹਾਨੂੰ ਇੱਕ ਟਿਕਟ ਦੇ ਰਿਹਾ ਹੋਵੇ (ਸ਼ਹਿਰ ਦੇ ਉਪ-ਨਿਯਮ ਜਾਂ ਕਿਸੇ ਹੋਰ ਕਾਨੂੰਨ ਨੂੰ ਤੋੜਨ ਲਈ) ਜਾਂ ਤੁਹਾਨੂੰ ਕੋਈ ਪੇਸ਼ ਹੋਣ ਦਾ ਨੋਟਿਸ, ਪੇਸ਼ ਹੋਣ ਦਾ ਵਾਅਦਾ, ਜਾਂ ਸੰਮਨ ਦੇ ਰਿਹਾ ਹੋਵੇ। ।

## ਪੁਲਿਸ ਨੂੰ ਕੀ ਕਹਿਣਾ ਹੈ

1. ਤੁਸੀਂ ਹਮੇਸ਼ਾਂ ਪੁੱਛ ਸਕਦੇ ਹੋ: "ਕੀ ਮੈਂ ਜਾ ਸਕਦਾ/ਸਕਦੀ ਹਾਂ?" ਜੇ ਉਹ ਹਾਂ ਕਹਿੰਦੇ ਹਨ ਤਾਂ ਤੁਸੀਂ ਜਾ ਸਕਦੇ ਹੋ।
2. ਜੇ ਤੁਸੀਂ ਜਾਣ ਲਈ ਸੁਤੰਤਰ ਨਹੀਂ ਹੋ, ਤਾਂ ਤੁਸੀਂ ਪੁੱਛ ਸਕਦੇ ਹੋ: "ਕੀ ਮੈਨੂੰ ਗਿਰ੍ਫ਼ਤਾਰ ਕੀਤਾ ਗਿਆ ਹੈ?" ਜੇ ਉਹ ਹਾਂ ਕਹਿੰਦੇ ਹਨ ਤਾਂ ਤੁਸੀਂ ਪੁੱਛ ਸਕਦੇ ਹੋ: "ਕਿਉਂ?"
3. ਜੇ ਤੁਸੀਂ ਗਿਰ੍ਫ਼ਤਾਰ ਹੋ ਗਏ ਹੋ ਤਾਂ ਤੁਸੀਂ ਕਹਿ ਸਕਦੇ ਹੋ: "ਮੈਂ ਚੁੱਪ ਰਹਿਣਾ ਚਾਹਾਂਗਾ/ਚਾਹਾਂਗੀ। ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹਾਂਗਾ/ਚਾਹਾਂਗੀ।" ਜੇ ਪੁਲਿਸ ਪੁੱਛੇ ਤਾਂ ਆਪਣਾ ਨਾਮ ਅਤੇ ਪਤਾ ਦੱਸੋ। ਜੇ ਤੁਸੀਂ ਬੇਘਰ ਹੋ, ਤਾਂ ਤੁਸੀਂ ਆਖ ਸਕਦੇ ਹੋ, ਜਾਂ ਕਹਿ ਸਕਦੇ ਹੋ ਕਿ "ਕੋਈ ਪੱਕਾ ਪਤਾ ਨਹੀਂ ਹੈ।" ਤੁਸੀਂ ਪੁਲਿਸ ਅਫ਼ਸਰ ਦਾ ਬੈਜ ਨੰਬਰ ਮੰਗ ਸਕਦੇ ਹੋ।
4. ਜੇ ਤੁਸੀਂ ਗਿਰ੍ਫ਼ਤਾਰ ਨਹੀਂ ਹੋਏ, ਪਰ ਤੁਹਾਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਜਾ ਨਹੀਂ ਸਕਦੇ, ਤਾਂ ਤੁਸੀਂ ਪੁੱਛ ਸਕਦੇ ਹੋ: "ਕਿਉਂ?" ਅਤੇ ਪੁਲਿਸ ਅਫ਼ਸਰ ਦਾ ਬੈਜ ਨੰਬਰ ਮੰਗੋ।

# ਪੁਲਿਸ ਦੀ ਫਿਲਮ ਬਣਾਉਣਾ

ਤੁਹਾਨੂੰ ਪੁਲਿਸ ਦੀ ਫਿਲਮ ਬਣਾਉਣ ਦਾ ਅਧਿਕਾਰ ਹੈ।

ਪੁਲਿਸ ਤੁਹਾਨੂੰ ਉਨਹ੍ਹਾਂ ਦੀ ਫਿਲਮ ਬਣਾਉਣ ਤੋਂ ਮਨਹ੍ਹਾਂ ਨਹੀਂ ਕਰ ਸਕਦੀ, ਪਰ ਜੇ ਤੁਸੀਂ ਸੁਰੱਖਿਆ ਸੰਬੰਧੀ ਕੋਈ ਸਮੱਸਿਆ ਪੈਦਾ ਕਰ ਰਹੇ ਹੋ ਜਾਂ ਉਹਨਾਂ ਦੇ ਕਰਤੱਵਾਂ ਦੇ ਰਾਹ ਵਿੱਚ ਰੁਕਾਵਟ ਬਣ ਰਹੇ ਹੋ ਤਾਂ ਉਹ ਤੁਹਾਨੂੰ ਜਾਣ ਲਈ ਕਹਿ ਸਕਦੇ ਹਨ।

ਜੇ ਪੁਲਿਸ ਤੁਹਾਡਾ ਫ਼ੋਨ ਖੋਹਣ ਦੀ ਕੋਸ਼ਿਸ਼ ਕਰੇ, ਤਾਂ ਤੁਸੀਂ ਉਨਹ੍ਹਾਂ ਨੂੰ ਸਾਫ਼-ਸਾਫ਼ ਕਹਿ ਸਕਦੇ ਹੋ: "ਮੈਂ ਇਸ ਦੀ ਸਹਿਮਤੀ ਨਹੀਂ ਦਿੰਦਾ/ਦਿੰਦੀ," ਪਰ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ, ਕਿਉਂਕਿ ਇਹ ਖਤਰਨਾਕ ਹੋ ਸਕਦਾ ਹੈ ਜਾਂ ਦੋਸ਼ਾਂ ਦਾ ਕਾਰਨ ਬਣ ਸਕਦਾ ਹੈ।

ਧਿਆਨ ਵਿੱਚ ਰੱਖੋ ਕਿ ਜੇ ਪੁਲਿਸ ਨੂੰ ਲੱਗਦਾ ਹੈ ਕਿ ਤੁਹਾਡੀ ਕੀਤੀ ਰਿਕਾਰਡਿੰਗ(ਗਾਂ) ਵਿੱਚ ਕਿਸੇ ਜੁਰਮ ਦੇ ਸਬੂਤ ਹਨ, ਤਾਂ ਉਹ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡਾ ਫ਼ੋਨ ਲੈ ਸਕਦੇ ਹਨ। ਇਸ ਸੰਭਾਵਨਾ ਨੂੰ ਹਮੇਸ਼ਾ ਯਾਦ ਰੱਖੋ ਜੇ ਤੁਸੀਂ ਵਿਰੋਧ-ਪਰ੍ਦਰਸ਼ਨਾਂ ਸੰਬੰਧੀ ਕਾਰਵਾਈਆਂ ਦੀ ਫਿਲਮ ਬਣਾ ਰਹੇ ਹੋ।

ਜੇ ਤੁਸੀਂ ਕਿਸੇ ਹੋਰ ਵਿਅਕਤੀ ਨੂੰ ਗਿਰਫ਼ਤਾਰ ਕਰਨ ਵੇਲੇ ਪੁਲਿਸ ਦੀ ਫ਼ਿਲਮ ਬਣਾ ਰਹੇ ਹੋ, ਤਾਂ ਪੁਲਿਸ 'ਤੇ ਚੀਕਣ ਜਾਂ ਗਾਲਾਂ ਕੱਢਣ ਜਿਹੀਆਂ ਹਰਕਤਾਂ ਨਾਲ ਗਿਰ੍ਫਤਾਰ ਕੀਤੇ ਜਾ ਰਹੇ ਵਿਅਕਤੀ ਲਈ ਨਕਾਰਾਤਮਕ ਨਤੀਜੇ ਹੋ ਸਕਦੇ ਹਨ।

ਹਰ ਉਸ ਪੁਲਿਸ ਵਾਲੇ ਦਾ ਬੈਜ ਨੰਬਰ ਨਾਮ, ਜਾਂ ਹੋਰ ਸਨਾਖ਼ਤ ਸੰਬੰਧੀ ਜਾਣਕਾਰੀ ਰਿਕਾਰਡ ਕਰੋ ਜੋ ਤੁਹਾਨੂੰ ਲੱਗਦਾ ਹੈ ਕਿ ਕਾਨੂੰਨ ਦੀ ਪਾਲਣਾ ਨਹੀਂ ਕਰ ਰਿਹਾ/ਰਹੀ ਸੀ। ਜੇ ਉਹ ਆਪਣੀ ਸਨਾਖ਼ਤ ਨਹੀਂ ਕਰਵਾਉਂਦੇ, ਤਾਂ ਮਿਤੀ, ਸਮਾਂ, ਸਥਾਨ ਅਤੇ, ਜੇ ਸੰਭਵ ਹੋਵੇ, ਤਾਂ ਅਫ਼ਸਰ(ਰਾਂ) ਦਾ ਵੇਰਵਾ ਨੋਟ ਕਰੋ। ਜੇ ਤੁਸੀਂ ਪੁਲਿਸ ਦੀ ਸ਼ਿਕਾਇਤ ਦਰਜ ਕਰਾਉਂਦੇ ਹੋ ਤਾਂ ਇਹ ਜਾਣਕਾਰੀ ਤੁਹਾਡੀ ਸਹਾਇਤਾ ਕਰੇਗੀ।

# ਨਜ਼ਰਬੰਦ ਕੀਤਾ ਜਾਣਾ

ਪੁਲਿਸ ਤੁਹਾਨੂੰ ਉਦੋਂ ਨਜ਼ਰਬੰਦ ਕਰ ਦਿੰਦੀ ਹੈ ਜਦੋਂ ਉਹ ਘੁੰਮਣ-ਫਿਰਨ ਦੀ ਤੁਹਾਡੀ ਆਜ਼ਾਦੀ ਨੂੰ ਸੀਮਤ ਕਰ ਦਿੰਦੇ ਹਨ। ਇਹ ਤੁਹਾਨੂੰ ਸਰੀਰਕ ਤੌਰ 'ਤੇ ਸੀਮਤ ਕਰਕੇ, ਜਾਂ ਤੁਹਾਨੂੰ ਵਿਸ਼ਵਾਸ ਦਿਵਾਕੇ ਹੋ ਸਕਦਾ ਹੈ ਕਿ ਤੁਸੀਂ ਜਾਣ ਲਈ ਸੁਤੰਤਰ ਨਹੀਂ ਹੋ। ਜੇ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਪੁਲਿਸ ਨੂੰ ਪੁੱਛ ਸਕਦੇ ਹੋ: "ਕੀ ਮੈਂ ਜਾ ਸਕਦਾ/ਸਕਦੀ ਹਾਂ?" ਜੇ ਜਵਾਬ ਹਾਂ ਹੋਵੇ, ਤਾਂ ਤੁਸੀਂ ਜਾ ਸਕਦੇ ਹੋ। ਜੇ ਜਵਾਬ ਨਾ ਹੋਵੇ, ਤਾਂ ਤੁਹਾਨੂੰ ਨਜ਼ਰਬੰਦ ਕੀਤਾ ਜਾ ਰਿਹਾ ਹੈ।

ਤੁਹਾਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਤੁਹਾਨੂੰ ਕਿਉਂ ਨਜ਼ਰਬੰਦ ਕੀਤਾ ਜਾ ਰਿਹਾ ਹੈ, ਜਦੋਂ ਤੱਕ ਜਵਾਬ ਸਪੱਸ਼ਟ ਨਾ ਹੋਵੇ। ਪੁਲਿਸ ਹਥਿਆਰਾਂ ਲਈ ਪੈਟ-ਡਾਊਨ ਤਲਾਸ਼ੀ ਕਰ ਸਕਦੀ ਹੈ, ਅਤੇ ਉਹ ਤੁਹਾਡੇ ਬੈਗਾਂ ਦੀ ਸਮੱਗਰੀ ਨੂੰ ਵੀ ਵੇਖ ਸਕਦੀ ਹੈ। ਜੇ ਇਹ ਪਤਾ ਚਲਦਾ ਹੈ ਕਿ ਪੁਲਿਸ ਨੂੰ ਤੁਹਾਨੂੰ ਨਜ਼ਰਬੰਦ ਕਰਨ ਦਾ ਅਧਿਕਾਰ ਨਹੀਂ ਹੈ, ਤਾਂ ਉਹਨਾਂ ਕੋਲ ਤੁਹਾਡੀ ਤਲਾਸ਼ੀ ਲੈਣ ਦਾ ਵੀ ਅਧਿਕਾਰ ਨਹੀਂ ਹੋਵੇਗਾ। ਪੁਲਿਸ ਅਧਿਕਾਰੀ ਦਾ ਬੈਜ ਨੰਬਰ ਜਾਂ ਨਾਮ ਜਾਣ ਲਓ ਅਤੇ ਵੇਰਵੇ ਅਤੇ ਨਜ਼ਰਬੰਦੀ ਦਾ ਕਾਰਨ ਵੀ ਯਾਦ ਰੱਖੋ ਤਾਂ ਜੋ ਤੁਸੀਂ ਕਿਸੇ ਵਕੀਲ ਨੂੰ ਦੱਸ ਸਕੋ ਜਾਂ ਸ਼ਿਕਾਇਤ ਕਰ ਸਕੋ।

# ਡਰਾਈਵਿੰਗ ਦੌਰਾਨ ਨਜ਼ਰਬੰਦ ਕੀਤਾ ਜਾਣਾ

ਜੇ ਤੁਹਾਨੂੰ ਗੱਡੀ ਚਲਾਉਂਦੇ ਸਮੇਂ ਰੋਕਿਆ ਗਿਆ ਸੀ, ਤਾਂ ਤੁਹਾਨੂੰ ਪੁਲਿਸ ਨੂੰ ਆਪਣਾ ਲਾਇਸੰਸ, ਵਾਹਨ ਦੀ ਰਜਿਸਟਰੇਸ਼ਨ ਅਤੇ ਬੀਮੇ ਦਾ ਸਬੂਤ ਦੇਣਾ ਪਵੇਗਾ, ਜੇ ਉਹ ਪੁੱਛਦੇ ਹਨ। ਤੁਹਾਨੂੰ ਪੁਲਿਸ ਨੂੰ ਆਪਣਾ ਨਾਮ ਅਤੇ ਪਤਾ ਅਤੇ ਵਾਹਨ ਦੇ ਮਾਲਕ ਦਾ ਨਾਮ ਵੀ ਦੇਣਾ ਪਵੇਗਾ।

ਜੇ ਪੁਲਿਸ ਦਾ ਮੰਨਣਾ ਹੋਵੇ ਕਿ ਤੁਹਾਡੀ ਕਾਰ, ਜਾਂ ਉਹ ਕਾਰ ਜੋ ਤੁਸੀਂ ਚਲਾ ਰਹੇ ਹੋ, ਦੁਰਘਟਨਾ ਵਿੱਚ ਸ਼ਾਮਲ ਸੀ, ਜਾਂ ਕਿਸੇ ਕਾਨੂੰਨ ਦੀ ਉਲੰਘਣਾ ਵਿੱਚ ਸ਼ਾਮਲ ਸੀ, ਤਾਂ ਤੁਹਾਨੂੰ ਪੁਲਿਸ ਨੂੰ ਦੱਸਣਾ ਪਵੇਗਾ ਕਿ ਉਸ ਸਮੇਂ ਕਾਰ ਕੌਣ ਚਲਾ ਰਿਹਾ ਸੀ।

ਜੇ ਪੁਲਿਸ ਨੂੰ ਸ਼ੱਕ ਹੋਵੇ ਕਿ ਤੁਸੀਂ ਸ਼ਰਾਬ ਪੀ ਕੇ ਗੱਡੀ ਚਲਾ ਰਹੇ ਹੋ, ਤਾਂ ਉਹ ਤੁਹਾਡੇ ਵਕੀਲ ਨਾਲ ਗੱਲ ਕਰਨ ਤੋਂ ਪਹਿਲਾਂ ਸੜਕ ਦੇ ਕਿਨਾਰੇ 'ਤੇ ਹੀ ਜਾਂਚ-ਪੜਤਾਲ ਕਰ ਸਕਦੇ ਹਨ। ਇਸ ਵਿੱਚ ਤੁਹਾਨੂੰ ਇਹ ਪੁੱਛਣਾ ਵੀ ਸ਼ਾਮਲ ਹੈ ਕਿ ਕੀ ਤੁਸੀਂ ਸ਼ਰਾਬ ਪੀਤੀ ਹੈ, ਸੁਚੇਤਤਾ ਦੇ ਟੈਸਟ ਕਰਨਾ, ਅਤੇ ਸੜਕ ਦੇ ਕਿਨਾਰੇ ਬਰੈਥਲਾਈਜ਼ਰ ਦੀ ਵਰਤੋਂ ਕਰਨਾ। ਇਹਨਾਂ ਲੋੜਾਂ ਤੋਂ ਇਲਾਵਾ, ਤੁਹਾਨੂੰ ਪੁਲਿਸ ਨੂੰ ਕੁਝ ਵੀ ਕਹਿਣ ਤੋਂ ਪਹਿਲਾਂ ਤੁਹਾਨੂੰ ਚੁੱਪ ਰਹਿਣ ਅਤੇ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੁੰਦਾ ਹੈ।

## ਗਿਰਫ਼ਤਾਰ ਕੀਤਾ ਜਾਣਾ

ਜਦੋਂ ਤੱਕ ਇਹ ਸਪੱਸ਼ਟ ਨਾ ਹੋ ਜਾਵੇ, ਪੁਲਿਸ ਨੂੰ ਤੁਹਾਨੂੰ ਤੁਹਾਡੇ ਗਿਰਫ਼ਤਾਰ ਹੋਣ ਬਾਰੇ ਅਤੇ ਤੁਹਾਡੀ ਗਿਰਫ਼ਤਾਰੀ ਦੇ ਕਾਰਨ ਬਾਰੇ ਦੱਸਣਾ ਪਵੇਗਾ। ਉਹ ਕਾਰਨ ਯਾਦ ਰੱਖੋ ਜੋ ਉਹ ਤੁਹਾਨੂੰ ਗਿਰਫ਼ਤਾਰ ਕਰਨ ਲਈ ਦੱਸਦੇ ਹਨ ਤਾਂ ਜੋ ਤੁਸੀਂ ਬਾਅਦ ਵਿੱਚ ਆਪਣੇ ਵਕੀਲ ਨੂੰ ਦੱਸ ਸਕੋ। ਜੇ ਤੁਹਾਨੂੰ ਗਿਰਫ਼ਤਾਰ ਕਰ ਲਿਆ ਹੈ, ਅਤੇ ਪੁਲਿਸ ਪੁੱਛਦੀ ਹੈ, ਤਾਂ ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਉਹਨਾਂ ਨੂੰ ਆਪਣਾ ਨਾਮ ਅਤੇ ਪਤਾ ਦੱਸੋ।

## ਪੁਲਿਸ ਦੁਆਰਾ ਬਲ ਪਰ੍ਯੋਗ

ਪੁਲਿਸ ਨੂੰ ਸਿਰਫ ਓਨਾ ਹੀ ਬਲ ਪਰ੍ਯੋਗ ਕਰਨ ਦੀ ਇਜਾਜ਼ਤ ਹੈ ਜਿੰਨੀ ਤੁਹਾਨੂੰ ਗਿਰਫ਼ਤਾਰ ਕਰਨ ਲਈ ਹੁੰਦੀ ਹੈ ਜਾਂ ਸਥਿਤੀ ਸੁਰੱਖਿਅਤ ਹੈ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਹੋਵੇ। ਜੇ ਤੁਹਾਨੂੰ ਲੱਗਦਾ ਹੈ ਕਿ ਪੁਲਿਸ ਨੇ ਲੋੜ ਤੋਂ ਵੱਧ ਬਲ ਪਰ੍ਯੋਗ ਕੀਤਾ ਹੈ, ਤਾਂ ਆਪਣੇ ਵਕੀਲ ਨੂੰ ਦੱਸੋ ਅਤੇ ਆਪਣੀਆਂ ਸੱਟਾਂ ਨੂੰ ਰਿਕਾਰਡ ਕਰੋ। ਡਾਕਟਰ ਦੇ ਨੋਟਸ ਅਤੇ ਤਸਵੀਰਾਂ ਮੁਕੱਦਮੇ ਵਿੱਚ ਜਾਂ ਪੁਲਿਸ ਦੀ ਸ਼ਿਕਾਇਤ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ।

ਜੇ ਤੁਸੀਂ ਗਿਰਫਤਾਰ ਹੋ ਗਏ ਹੋਵੋਂ, ਤਾਂ ਪੁਲਿਸ ਦਾ ਸਰੀਰਕ ਤੌਰ 'ਤੇ ਵਿਰੋਧ ਨਾ ਕਰੋ। ਲੰਗੜਾ ਕੇ ਤੁਰਨਾ ਵਿਰੋਧ ਨਹੀ ਗਿਣਿਆ ਜਾਂਦਾ, ਪਰ ਪੁਲਿਸ ਇਸ 'ਤੇ ਵੀ ਨਕਾਰਾਤਮਕ ਪਰ੍ਤੀਕਿਰਿਆ ਕਰ ਸਕਦੀ ਹੈ।

# ਗਿਰ੍ਫ਼ਤਾਰੀ ਦਾ ਕਾਰਨ

ਪੁਲਿਸ ਕੋਲ ਤੁਹਾਨੂੰ ਗਿਰ੍ਫ਼ਤਾਰ ਕਰਨ ਦਾ ਕੋਈ ਕਾਰਨ ਹੋਣਾ ਲਾਜ਼ਮੀ ਹੈ। ਤੁਹਾਨੂੰ ਤਾਂ ਹੀ ਗਿਰ੍ਫ਼ਤਾਰ ਕੀਤਾ ਜਾ ਸਕਦਾ ਹੈ ਜੇ:

1. ਉਹ ਤੁਹਾਨੂੰ ਅਪਰਾਧਿਕ ਜੁਰਮ ਕਰਦੇ ਹੋਏ ਦੇਖ ਲੈਂਦੇ ਹਨ।
2. ਉਹਨਾਂ ਕੋਲ ਇਹ ਵਿਸ੍ਵਾਸ ਕਰਨ ਦੇ ਵਾਜਬ ਆਧਾਰ ਹੋਣ ਕਿ ਤੁਸੀਂ ਕੋਈ ਵਜੱਰ (ਗੰਭੀਰ) ਜਾਂ ਹਾਈਬਿਰ੍ਡ ਅਪਰਾਧਿਕ ਜੁਰਮ ਕੀਤਾ ਹੈ ਜਾਂ ਕਰਨ ਜਾ ਰਹੇ ਹੋ।
3. ਉਹਨਾਂ ਕੋਲ ਇਹ ਵਿਸ੍ਵਾਸ ਕਰਨ ਦੇ ਵਾਜਬ ਆਧਾਰ ਹੋਣ ਕਿ ਤੁਸੀਂ ਸੰਮਨ, ਪੇਸ਼ ਹੋਣ ਦਾ ਨੋਟਿਸ, ਪੇਸ੍ ਹੋਣ ਦਾ ਵਾਅਦਾ ਜਾਂ ਰਿਹਾਈ ਦੇ ਹੁਕਮ ਦੀਆਂ ਕਿਸੇ ਵੀ ਰਾਜ ਦੁਆਰਾ ਕੀਤੇ ਹੁਕਮ ਦੀਆਂ ਸ੍ਰਤਾਂ ਦੀ ਉਲੰਘਣਾ ਕੀਤੀ ਹੈ ਜਾਂ ਉਲੰਘਣਾ ਕਰਨ ਜਾ ਰਹੇ ਹੋ।
4. ਤੁਹਾਡੀ ਗਿਰ੍ਫ਼ਤਾਰੀ ਦਾ ਵਾਰੰਟ ਹੋਵੇ।
5. ਉਹਨਾਂ ਕੋਲ ਇਹ ਸੋਚਣ ਲਈ ਵਾਜਬ ਆਧਾਰ ਹੋਣ ਕਿ ਉਹਨਾਂ ਨੂੰ ਇੱਕ ਅੱਤਵਾਦੀ ਕਾਰਵਾਈ ਨੂੰ ਰੋਕਣ ਲਈ ਤੁਹਾਨੂੰ ਗਿਰ੍ਫ਼ਤਾਰ ਕਰਨ ਦੀ ਲੋੜ ਹੈ।
6. ਤੁਸੀਂ ਰਾਜਕੀ ਇਕਾਈ ਦੇ ਕਾਨੂੰਨਾਂ ਅਤੇ ਸ੍ਹਿਰ ਦੇ ਉਪ-ਨਿਯਮਾਂ ਸਮੇਤ ਕੋਈ ਵੀ ਕਾਨੂੰਨ ਤੋੜਿਆ ਹੋਵੇ, ਅਤੇ ਤੁਸੀਂ ਪੁਲਿਸ ਨੂੰ ਇਹ ਨਹੀਂ ਦੱਸੋਗੇ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿੱਥੇ ਰਹਿੰਦੇ ਹੋ।
7. ਉਹ ਤੁਹਾਨੂੰ "ਸ੍ਾਂਤੀ ਭੰਗ" ਕਰਦੇ ਦੇਖ ਲੈਂਦੇ ਹਨ ਜਾਂ ਉਹਨਾਂ ਕੋਲ ਇਹ ਵਿਸ੍ਵਾਸ ਕਰਨ ਲਈ ਉਚਿਤ ਆਧਾਰ ਹੋਣ ਕਿ ਤੁਸੀਂ "ਸ੍ਾਂਤੀ ਭੰਗ" ਕਰਨ ਜਾ ਰਹੇ ਹੋ
8. ਇੱਥੇ ਇੱਕ ਵਿਸ਼ੇਸ਼ ਕਾਨੂੰਨ ਵੀ ਹੈ ਜੋ ਪੁਲਿਸ ਨੂੰ ਤੁਹਾਡੇ ਦੁਆਰਾ ਕੀਤੇ ਗਏ ਕਿਸੇ ਕੰਮ ਲਈ ਤੁਹਾਨੂੰ ਗਿਰ੍ਫ਼ਤਾਰ ਕਰਨ ਦੀ ਆਗਿਆ ਦਿੰਦਾ ਹੈ। ਉਦਾਹਰਨ ਲਈ, ਜੇ ਤੁਸੀਂ ਜਨਤਕ ਤੌਰ 'ਤੇ ਸ੍ਰਾਬ ਪੀਂਦੇ ਹੋ ਜਾਂ ਨਸ਼ੇ ਵਿੱਚ ਟੱਲੀ ਹੋ।

# ਗਿਰ੍ਫ਼ਤਾਰੀ ਦੇ ਵਾਰੰਟ

ਇੱਕ ਵਾਰੰਟ ਕਾਗਜ਼ ਦਾ ਇੱਕ ਟੁਕੜਾ ਹੁੰਦਾ ਹੈ ਜਿਸ ਦੀ ਵਰਤੋਂ ਜੱਜ ਪੁਲਿਸ ਨੂੰ ਕੁਝ ਕਰਨ ਦੀ ਇਜਾਜ਼ਤ ਦੇਣ ਲਈ ਕਰਦਾ ਹੈ। ਗਿਰ੍ਫ਼ਤਾਰੀ ਵਾਰੰਟ ਪੁਲਿਸ ਨੂੰ ਹੁਕਮ ਦਿੰਦੇ ਹਨ ਕਿ ਕਿਸੇ ਖਾਸ ਵਿਅਕਤੀ ਨੂੰ ਗਿਰ੍ਫ਼ਤਾਰ ਕੀਤਾ ਜਾਵੇ।

ਜੇ ਪੁਲਿਸ ਕਹਿੰਦੀ ਹੈ ਕਿ ਉਹਨਾਂ ਕੋਲ ਤੁਹਾਡੀ ਗਿਰ੍ਫਤਾਰੀ ਲਈ ਵਾਰੰਟ ਹੈ, ਤਾਂ ਤੁਹਾਨੂੰ ਇਸਨੂੰ ਵੇਖਣ ਦਾ ਅਧਿਕਾਰ ਹੁੰਦਾ ਹੈ। ਤੁਸੀਂ ਪੁੱਛ ਸਕਦੇ ਹੋ: "ਕੀ ਮੈਂ ਵਾਰੰਟ ਦੇਖ ਸਕਦਾ/ਸਕਦੀ ਹਾਂ?" ਜੇ ਤੁਹਾਡੀ ਗਿਰ੍ਫ਼ਤਾਰੀ ਦੇ ਸਮੇਂ ਪੁਲਿਸ ਕੋਲ ਵਾਰੰਟ ਨਹੀਂ ਹੁੰਦਾ ਹੈ, ਤਾਂ ਪੁਲਿਸ ਨੂੰ ਤੁਹਾਡੀ ਗਿਰ੍ਫ਼ਤਾਰੀ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਤੁਹਾਨੂੰ ਵਾਰੰਟ ਦਿਖਾਉਣਾ ਪਵੇਗਾ।

ਜਦੋਂ ਤੁਸੀਂ ਵਾਰੰਟ ਨੂੰ ਪੜ੍ਹਦੇ ਹੋ, ਤਾਂ ਯਕੀਨੀ ਬਣਾਓ ਕਿ ਵਾਰੰਟ ਸੱਚਮੁੱਚ ਤੁਹਾਡੇ ਲਈ ਹੀ ਹੋਵੇ। ਵਾਰੰਟ ਵਿੱਚ ਲਾਜ਼ਮੀ ਇਹ ਗੱਲਾਂ ਹੋਣ:

- ਤੁਹਾਡਾ ਨਾਮ ਜਾਂ ਇਹ ਵੇਰਾਵਾ ਕਿ ਤੁਸੀਂ ਕਿਸ ਤਰ੍ਹਾਂ ਦਿਖਾਈ ਦਿੰਦੇ ਹੋ।
- ਤੁਹਾਨੂੰ ਗਿਰ੍ਫਤਾਰ ਕਰਨ ਦਾ ਕਾਰਨ।
- ਇਹ ਹੁਕਮ ਕਿ ਤੁਹਾਨੂੰ ਗਿਰ੍ਫਤਾਰ ਕੀਤਾ ਜਾਵੇ।
- ਜੱਜ ਜਾਂ ਜਸਟਿਸ ਆਫ਼ ਦਾ ਪੀਸ ਦੇ ਦਸਤਖ਼ਤ।

ਭਾਵੇਂ ਤੁਹਾਨੂੰ ਵਾਰੰਟ ਨਾਲ ਗਿਰ੍ਫ਼ਤਾਰ ਕੀਤਾ ਜਾਂਦਾ ਹੈ ਜਾਂ ਨਹੀਂ, ਤੁਹਾਡੇ ਕੋਲ ਅਜੇ ਵੀ ਚੁੱਪ ਰਹਿਣ ਦਾ ਅਧਿਕਾਰ ਹੁੰਦਾ ਹੈ ਅਤੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਵੀ ਹੁੰਦਾ ਹੈ। ਤੁਹਾਡੇ ਲਈ ਆਪਣਾ ਨਾਮ ਅਤੇ ਪਤਾ ਦੱਸਣਾ ਲਾਜ਼ਮੀ ਹੈ।

# ਮੈਂਟਲ ਹੈਲਥ ਐਕਟ ਅਤੇ ਅਣ-ਇੱਛਤ ਇਲਾਜ

BC ਵਿੱਚ ਮੈਂਟਲ ਹੈਲਥ ਐਕਟ ਦੇ ਤਹਿਤ, ਪੁਲਿਸ ਨੂੰ ਤੁਹਾਨੂੰ ਨਜਰਬੰਦ ਕਰਨ ਅਤੇ ਕਿਸੇ ਮੈਡੀਕਲ ਪੇਸ਼ੇਵਰ ਕੋਲ ਲੈ ਜਾਣ ਦੀ ਇਜਾਜ਼ਤ ਹੁੰਦੀ ਹੈ ਜੇ ਉਹਨਾਂ ਨੂੰ ਲੱਗਦਾ ਹੈ ਜਾਂ ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਤੁਸੀ ਇੱਕ "ਮਾਨਸਿਕ ਵਿਕਾਰ ਹੋ ਸਕਦਾ ਹੈ **ਅਤੇ** ਕਿ ਤੁਹਾਡਾ ਵਿਵਹਾਰ ਤੁਹਾਡੀ ਆਪਣੀ ਸੁਰੱਖਿਆ ਜਾਂ ਦੂਜਿਆਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾ ਸਕਦਾ ਹੈ।

ਤੁਹਾਨੂੰ ਇਸਨੂੰ ਚੁਣੌਤੀ ਦੇਣ ਦਾ ਵੀ ਅਧਿਕਾਰ ਹੈ ਕਿ ਤੁਹਾਨੂੰ ਕਿਉਂ ਰੋਕ ਕੇ ਰੱਖਿਆ ਜਾ ਰਿਹਾ ਹੈ, ਅਤੇ ਇਹ ਤੁਸੀ ਇਹਨਾਂ ਦੋ ਤਰੀਕਿਆਂ ਨਾਲ ਕਰ ਸਕਦੇ ਹੋ:

- ਤੁਸੀ ਨਰਸ ਤੋਂ ਪੁੱਛ ਸਕਦੇ ਹੋ: "ਕੀ ਤੁਸੀ ਮੈਨੂੰ ਭਰਨ ਲਈ ਇੱਕ ਫਾਰਮ 7 ਦੇ ਸਕਦੇ ਹੋ ਤਾਂ ਜੋ ਮੈਂ ਸਮੀਖਿਆ ਪੈਨਲ ਤੋਂ ਸੁਣਵਾਈ ਕਰਵਾ ਸਕਾਂ?"
  - ਤੁਸੀ ਕਮਿਊਨਿਟੀ ਲੀਗਲ ਅਸਿਸਟੈਂਸ ਸੋਸਾਇਟੀ (CLAS) ਵਿਖੇ ਮੈਂਟਲ ਹੈਲਥ ਲਾਅ ਪਰੋਗਰਾਮ ਤੋਂ ਮੁਫ਼ਤ ਪਰਤੀਨਿਧਤਾ ਲਈ ਇੱਕ ਬਾਕਸ 'ਤੇ ਨਿਸ਼ਾਨ ਲਗਾ ਸਕਦੇ ਹੋ, ਜੇ ਤੁਸੀ ਯੋਗ ਹੋ।
  - ਤੁਸੀ ਤਿਆਰੀ ਕਰਨ ਵਿੱਚ ਮਦਦ ਲਈ ਮਾਨਸਿਕ ਸਿਹਤ ਸਮੀਖਿਆ ਬੋਰਡ ਅਤੇ CLAS ਤੋਂ ਇਹਨਾਂ ਸਮੀਖਿਆ ਪਰਕਿਰਿਆਵਾਂ ਬਾਰੇ ਔਨਲਾਈਨ ਸਰੋਤਾਂ ਦੀ ਸਲਾਹ ਲੈ ਸਕਦੇ ਹੋ।
  - ਤੁਸੀ ਸਮੀਖਿਆ ਪਰਕਿਰਿਆ ਵਿੱਚੋਂ ਗੁਜਰਨ ਲਈ ਇੱਕ ਮੁਫਤ 30-ਮਿੰਟ ਦੀ ਕਾਨੂੰਨੀ ਸਲਾਹ ਵਾਲੀ ਮੁਲਾਕਾਤ ਲਈ ਐਕਸੈਸ ਪਰੋ ਬੋਨੋ ਨੂੰ ਕਾਲ ਕਰ ਸਕਦੇ ਹੋ।
- ਤੁਸੀ ਅਦਾਲਤ ਵਿੱਚ ਅਰਜ਼ੀ ਲਗਾ ਸਕਦੇ ਹੋ। ਤੁਸੀ CLAS ਤੋਂ ਕਮਿਊਨਿਟੀ ਲਾਅ ਪਰੋਗਰਾਮ ਬਾਰੇ ਹੋਰ ਜਾਣਕਾਰੀ ਪਰਾਪਤ ਕਰ ਸਕਦੇ ਹੋ।

# ਵਿਰੋਧ-ਪਰ੍ਦਰਸ਼ਨ ਅਤੇ ਆਦਿਵਾਸੀਆਂ ਵੱਲੋਂ ਵਿਰੋਧ

ਕੈਨੇਡਾ ਵਿੱਚ ਤੁਹਾਨੂੰ ਜ਼ਿਆਦਾਤਰ ਥਾਵਾਂ 'ਤੇ ਵਿਰੋਧ-ਪਰ੍ਦਰਸ਼ਨ ਕਰਨ ਦਾ ਅਧਿਕਾਰ ਹੁੰਦਾ ਹੈ।

ਪੁਲਾਂ, ਰੋਡਾਂ, ਰੇਲ ਲਾਈਨਾਂ, ਬੰਦਰਗਾਹਾਂ ਅਤੇ ਵਿਧਾਨ ਸਭਾਵਾਂ ਨੂੰ ਜਾਮਹ੍ ਕਰਨਾ ਜਾਂ ਕਬਜ਼ਾ ਕਰਨਾ ਸੂਬਾਈ ਜਾਂ ਸੰਘੀ ਕਾਨੂੰਨਾਂ ਅਧੀਨ ਗੈਰ-ਕਾਨੂੰਨੀ ਹੋ ਸਕਦਾ ਹੈ। ਪੁਲਿਸ ਇਹਨਾਂ ਕਾਨੂੰਨਾਂ ਨੂੰ ਤੁਰੰਤ ਲਾਗੂ ਨਹੀਂ ਕਰ ਸਕਦੀ, ਕਿਉਂਕਿ ਉਹਨਾਂ ਨੂੰ ਤੁਹਾਡੇ ਸੰਵਿਧਾਨਕ ਅਧਿਕਾਰਾਂ ਅਤੇ ਆਜ਼ਾਦੀਆਂ ਬਾਰੇ ਸੋਚਣਾ ਪੈਂਦਾ ਹੈ, ਜੋ ਕਿ ਦੂਜੇ ਕਾਨੂੰਨਾਂ ਤੋਂ ਪਹਿਲਾਂ ਆਉਂਦੇ ਹਨ।

ਵਿਰੋਧ-ਪਰ੍ਦਰਸ਼ਨ ਦੇ ਉਲਟ, ਅਦਿਵਾਸੀਆਂ ਦਾ ਵਿਰੋਧ ਅਦਿਵਾਸੀਆਂ ਦੇ ਜਾਣਨ ਅਤੇ ਹੋਂਦ ਬਣਾਈ ਰੱਖਣ ਦੇ ਤਰੀਕਿਆਂ 'ਤੇ ਅਧਾਰਤ ਹੁੰਦਾ ਹੈ। ਜਦੋਂ ਆਦਿਵਾਸੀ ਲੋਕ ਆਪਣੀਆਂ ਜ਼ਮੀਨਾਂ ਦੀ ਰਾਖੀ ਅਤੇ ਉਹਨਾਂ ਦੀ ਸੁਰੱਖਿਆ ਦੀ ਲਈ ਉੱਠ ਖੜਹ੍ੇ ਹੁੰਦੇ ਹਨ ਜਿਸ ਨਾਲ ਉਹ ਪੁਰਾਣੇ ਸਮੇਂ ਤੋਂ ਜੁੜੇ ਹੋਏ ਹਨ, ਤਾਂ ਉਹ ਅਜਿਹਾ ਸਵੈ-ਨਿਰਣੇ ਦੀ ਕਾਰਵਾਈ ਵਜੋਂ ਕਰ ਰਹੇ ਹੁੰਦੇ ਹਨ, ਨਾ ਕਿ ਵਿਰੋਧ-ਪਰ੍ਦਰਸ਼ਨ ਵਜੋਂ।

ਪੁਲਿਸ ਦੀ ਸ਼ਮੂਲੀਅਤ ਨਾਲ ਇਹ ਸੰਭਾਵਨਾ ਬਣੀ ਰਹਿੰਦੀ ਹੈ ਕਿ ਵਿਰੋਧ-ਪਰ੍ਦਰਸ਼ਨ ਜਾਂ ਆਦਿਵਾਸੀਆਂ ਦੀ ਵਿਰੋਧ ਕਾਰਵਾਈ ਖ਼ਤਮ ਹੋ ਜਾਵੇਗੀ, ਜੇ ਅਤੇ ਜਦੋਂ ਕੋਈ ਅਦਾਲਤ ਪਰ੍ਦਰਸ਼ਨਕਾਰੀਆਂ ਲਈ ਅਦਾਲਤੀ ਹੁਕਮ ਵਜੋਂ ਨਿਰਦੇਸ਼ ਜਾਰੀ ਕਰ ਦੇਵੇ। ਇਹਨਾਂ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਨਾਲ ਪੁਲਿਸ ਨੂੰ ਆਦਿਵਾਸੀ ਜ਼ਮੀਨ ਅਤੇ ਪਾਣੀ ਦੇ ਰਾਖਿਆਂ ਅਤੇ ਹੋਰ ਕਾਰਕੁਨਾਂ ਨੂੰ ਹਟਾਉਣ, ਗਿਰ੍ਫਤਾਰ ਕਰਨ ਅਤੇ ਉਹਨਾਂ ਨੂੰ ਅਪਰਾਧੀ ਘੋਸ਼ਿਤ ਕਰਨ ਦੀ ਇਜਾਜ਼ਤ ਮਿਲ ਜਾਂਦੀ ਹੈ।

ਜੇ ਤੁਸੀਂ ਵਿਰੋਧ-ਪਰ੍ਦਰਸ਼ਨ ਜਾਂ ਵਿਰੋਧ ਕਰਨ ਦੀ ਯੋਜਨਾ ਬਣਾ ਰਹੇ ਹੋ, ਤਾਂ ਪੁਲਿਸ ਹਿੰਸਾ ਜਾਂ ਤੁਹਾਡੇ ਵਿਰੁੱਧ ਲਗਾਏ ਜਾਣ ਵਾਲੇ ਦੋਸ਼ਾਂ ਦੀ ਸੰਭਾਵਨਾ ਬਾਰੇ ਵਿਚਾਰੋ।

# ਨਿੱਜੀ ਤਲਾਸ਼ੀਆਂ

ਤੁਹਾਡੀ ਤਲਾਸ਼ੀ ਲਈ ਜਾ ਸਕਦੀ ਹੈ ਜੇ:

1. ਤੁਸੀਂ ਪੁਲਿਸ ਨੂੰ ਦੱਸਦੇ ਹੋ ਕਿ ਠੀਕ ਹੈ ਕਿ ਉਹ ਤੁਹਾਡੀ ਜਾਂ ਤੁਹਾਡੇ ਸਮਾਨ ਦੀ ਤਲਾਸ਼ੀ ਲੈ ਸਕਦੇ ਹਨ, ਜਾਂ ਜੇ ਤੁਸੀਂ ਪੁੱਛਣ ਅਸਾਨੀ ਨਾਲ ਉਹਨਾਂ ਦੀ ਮੰਨ ਲੈਂਦੇ ਹੋ। ਪੁਲਿਸ ਨੂੰ ਅਜੇ ਵੀ ਇਹ ਸਾਬਤ ਕਰਨ ਦੀ ਲੋੜ ਹੈ ਕਿ ਤੁਹਾਡੇ ਕੋਲ ਸਹਿਮਤੀ ਦੇਣ ਦਾ ਅਧਿਕਾਰ ਸੀ ਅਤੇ ਤੁਹਾਡੀ ਸਹਿਮਤੀ ਸਵੈ-ਇੱਛਤ ਸੀ।
2. ਪੁਲਿਸ ਕੋਲ ਇੱਕ ਵਾਰੰਟ ਹੁੰਦਾ ਹੈ, ਜਾਂ ਜੇ ਉਹਨਾਂ ਕੋਲ ਅਪਰਾਧਿਕ ਕੋਡ ਵਰਗੇ ਕਾਨੂੰਨਾਂ ਦੇ ਅਧੀਨ ਵਿਸ਼ੇਸ਼ ਇਜਾਜ਼ਤ ਹੁੰਦੀ ਹੈ।
3. ਤੁਹਾਨੂੰ ਕਾਨੂੰਨਨ ਗਿਰਫ਼ਤਾਰ ਕੀਤਾ ਗਿਆ ਹੈ। ਤਲਾਸ਼ੀ ਤੁਹਾਡੇ, ਤੁਹਾਡੇ ਨੇੜੇ ਦੇ ਸਮਾਨ, ਅਤੇ ਉਸ ਖੇਤਰ ਤੱਕ ਸੀਮਤ ਹੈ ਜਿੱਥੇ ਤੁਹਾਨੂੰ ਗਿਰਫ਼ਤਾਰ ਕੀਤਾ ਗਿਆ ਸੀ।
4. ਪੁਲਿਸ ਕੋਲ ਹਥਿਆਰ ਜਾਂ ਸਬੂਤ ਲੱਭਣ ਦੇ ਵਾਜਬ ਅਤੇ ਸੰਭਾਵਿਤ ਆਧਾਰ ਹੁੰਦੇ ਹਨ ਕਿ ਤੁਸੀਂ ਕੋਈ ਜੁਰਮ ਕੀਤਾ ਹੈ, ਜਾਂ ਕਰਨ ਵਾਲੇ ਹੋ।
5. ਕੁਝ ਮਾਮਲਿਆਂ ਵਿੱਚ, ਪੁਲਿਸ ਕੋਲ ਹਥਿਆਰ ਜਾਂ ਸਬੂਤ ਲੱਭਣ ਦੇ ਵਾਜਬ ਸ਼ੱਕ ਹੁੰਦੇ ਹਨ ਕਿ ਤੁਸੀਂ ਕੋਈ ਜੁਰਮ ਕੀਤਾ ਹੈ ਜਾਂ ਕਰਨ ਵਾਲੇ ਹੋ।

# ਪੈਟ-ਡਾਊਨ ਤਲਾਸ਼ੀਆਂ

ਪੈਟ-ਡਾਊਨ ਤਲਾਸ਼ੀ ਸਰੀਰਕ ਤਲਾਸ਼ੀ ਦੀ ਇੱਕ ਕਿਸਮ ਹੈ ਜਿੱਥੇ ਇੱਕ ਅਫ਼ਸਰ ਹਥਿਆਰਾਂ ਜਾਂ ਅਪਰਾਧ ਦੇ ਸਬੂਤ ਦੀ ਜਾਂਚ ਕਰਨ ਲਈ ਤੁਹਾਡੇ ਕੱਪੜਿਆਂ ਦੇ ਬਾਹਰਲੇ ਹਿੱਸੇ ਨੂੰ ਛੂਹਦਾਂ ਹੈ।

ਜਦੋਂ ਤੁਹਾਨੂੰ ਨਜ਼ਰਬੰਦ ਕੀਤਾ ਜਾਂਦਾ ਹੈ, ਤਾਂ ਪੁਲਿਸ ਅਫ਼ਸਰ ਦੀ ਸੁਰੱਖਿਆ ਦੇ ਉਦੇਸ਼ ਲਈ ਸਿਰਫ ਪੈਟ-ਡਾਊਨ ਤਲਾਸ਼ੀ ਕਰ ਸਕਦੀ ਹੈ, ਸਬੂਤ ਖੋਜਣ ਲਈ ਨਹੀਂ। ਪੁਲਿਸ ਤੁਹਾਡੀਆਂ ਜੇਬਾਂ ਦੀ ਤਲਾਸ਼ੀ ਨਹੀਂ ਕਰ ਸਕਦੀ ਜਦੋਂ ਤੱਕ ਪੈਟ-ਡਾਊਨ ਤਲਾਸ਼ੀ ਤੋਂ ਜਾਹਿਰ ਨਹੀਂ ਹੁੰਦਾ ਕਿ ਤੁਸੀਂ ਹਥਿਆਰ ਲੈ ਕੇ ਜਾ ਰਹੇ ਹੋ। ਪੁਲਿਸ ਹਥਿਆਰਾਂ ਜਾਂ ਅਪਰਾਧ ਦੇ ਸਬੂਤ ਲਈ ਤੁਹਾਡੇ ਬੈਗਾਂ ਦੀ ਜਾਂਚ ਵੀ ਕਰ ਸਕਦੀ ਹੈ।

ਜੇ ਤੁਹਾਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਸਿਰਫ਼ ਗਿਰਫ਼ਤਾਰੀ ਲਈ ਤਲਾਸ਼ੀ ਘਟਨਾਕ੍ਰਮ ਦੇ ਹਿੱਸੇ ਵਜੋਂ ਇੱਕ ਪੈਟ-ਡਾਊਨ ਤਲਾਸ਼ੀ ਹੀ ਕਰ ਸਕਦੀ ਹੈ। ਇਹ ਯਕੀਨੀ ਬਣਾਉਣ ਲਈ ਹੁੰਦੀ ਹੈ ਕਿ ਤੁਹਾਡੇ ਕੋਲ ਹਥਿਆਰ ਨਾ ਹੋਵੇ ਜਾਂ ਕੋਈ ਹੋਰ ਸਬੂਤ ਨਾ ਲੁਕਾ ਰਹੇ ਹੋਵੋ। ਪੁਲਿਸ ਤੁਹਾਡੇ ਬੈਗਾਂ, ਤੁਹਾਡੀ ਕਾਰ, ਤੁਹਾਡੇ ਫ਼ੋਨ, ਤੁਹਾਡੇ ਕੈਮਰੇ ਅਤੇ ਆਲੇ-ਦੁਆਲੇ ਦੇ ਹੋਰ ਸਮਾਨ ਦੀ ਵੀ ਤਲਾਸ਼ੀ ਕਰ ਸਕਦੀ ਹੈ।

# ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ

ਕੱਪੜਿਆਂ ਦੇ ਅੰਦਰ ਦੀ ਤਲਾਸ਼ੀ ਸਰੀਰਕ ਤਲਾਸ਼ੀ ਦੀ ਇੱਕ ਹੋਰ ਕਿਸਮ ਹੁੰਦੀ ਹੈ ਜਦੋਂ ਪੁਲਿਸ ਤੁਹਾਨੂੰ ਤੁਹਾਡੇ ਕੁਝ ਜਾਂ ਸਾਰੇ ਕੱਪੜੇ ਝਾੜਨ ਜਾਂ ਉਤਾਰਨ ਲਈ ਕਹਿੰਦੀ ਹੈ, ਤਾਂ ਜੋ ਤੁਹਾਡੇ ਨਿੱਜੀ ਖੇਤਰ ਦਿਖਾਈ ਦੇ ਸਕਣ।

**ਤਲਾਸ਼ੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ:**

- **ਪੁਲਿਸ ਸਟੇਸ਼ਨ 'ਤੇ ਕੀਤੀ ਜਾਂਦੀ ਹੈ** ਜਦੋਂ ਤੱਕ ਪੁਲਿਸ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਨਾ ਹੋਵੇ ਕਿ ਕਿਸੇ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਚੀਜ਼ਾਂ ਲਈ ਤੁਰੰਤ ਤਲਾਸ਼ੀ ਕਰਨੀ ਜ਼ਰੂਰੀ ਹੈ।
- **ਇਸ ਤਰੀਕੇ ਨਾਲ ਕੀਤੀ ਜਾਵੇ ਜਿਸ ਵਿੱਚ ਸ਼ਾਮਲ ਹਰੇਕ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕੀਤੀ ਜਾਵੇ।**
- **ਕਿਸੇ ਨਿਗਰਾਨ ਪੁਲਿਸ ਅਫ਼ਸਰ ਦੁਆਰਾ ਅਧਿਕਾਰ ਪਰ੍ਾਪਤ**, ਜੇ ਸੰਭਵ ਹੋਵੇ।
- **ਤੁਹਾਡੇ ਜਿਹੇ ਲਿੰਗ ਵਾਲੇ ਅਧਿਕਾਰੀ ਦੁਆਰਾ ਕੀਤੀ ਜਾਵੇ**, ਜਦੋਂ ਤੱਕ ਹਾਲਤ ਜ਼ਰੂਰੀ ਨਾ ਬਣ ਜਾਵੇ, ਅਤੇ ਉਸ ਲਿੰਗ ਦਾ ਕੋਈ ਅਫ਼ਸਰ ਉਪਲਬਧ ਨਾ ਹੋਵੇ।
    - ਜੇ ਤੁਸੀਂ ਦੋ-ਆਤਮਾ ਵਾਲੇ, ਟਰ੍ਹਾਂਸਜੈਂਡਰ, ਗੈਰ-ਬਾਈਨਰੀ, ਜਾਂ ਹੋਰ ਲਿੰਗ-ਭਿੰਨਤਾ ਵਾਲੇ ਹੋ, ਤਾਂ ਤੁਹਾਨੂੰ ਪੁਲਿਸ ਨੂੰ ਆਪਣੇ ਲਿੰਗ ਦੀ ਸਵੈ-ਪਛਾਣ ਕਰਵਾਉਣ ਅਤੇ ਇਹ ਚੁਣਨ ਦਾ ਅਧਿਕਾਰ ਹੈ ਕਿ ਕੀ ਖੋਜ ਇੱਕ ਮਰਦ ਜਾਂ ਔਰਤ ਅਧਿਕਾਰੀ, ਜਾਂ ਦੋਵਾਂ ਦੁਆਰਾ ਕੀਤੀ ਜਾਵੇ। ਜੇ ਤੁਸੀਂ ਦੋਵਾਂ ਨੂੰ ਚੁਣਦੇ ਹੋ, ਤਾਂ ਤੁਸੀਂ ਚੁਣ ਸਕਦੇ ਹੋ ਕਿ ਕੌਣ ਤੁਹਾਡੇ ਸਰੀਰ ਦੇ ਕਿਹੜੇ ਹਿੱਸੇ ਦੀ ਤਲਾਸ਼ੀ।

- **ਅਫ਼ਸਰਾਂ ਦੀ ਸਭ ਤੋਂ ਘੱਟ ਗਿਣਤੀ ਦੁਆਰਾ ਪੂਰੀ ਕੀਤੀ ਜਾਵੇ** ਜਰੂਰੀ ਹੈ।
- **ਘੱਟੋ-ਘੱਟ ਬਲ ਪਰ੍ਯੋਗ ਕਰਕੇ ਕੀਤੀ ਜਾਵੇ।**
- **ਕਿਸੇ ਨਿੱਜੀ ਖੇਤਰ ਵਿੱਚ ਕੀਤੀ ਜਾਵੇ।**
- **ਜਿੰਨੀ ਜਲਦੀ ਹੋ ਸਕੇ ਕੀਤੀ ਜਾਵੇ**, ਅਤੇ ਇਸ ਤਰੀਕੇ ਨਾਲ ਕੀਤੀ ਜਾਵੇ ਜੋ ਕਿ ਇਹ ਯਕੀਨੀ ਬਣਾਵੇ ਕਿ ਤੁਸੀ ਕਿਸੇ ਵੀ ਸਮੇਂ ਪੂਰੀ ਤਰਹ੍ਹਾਂ ਨੰਗੇ ਨਹੀਂ ਕੀਤੇ ਗਏ।
- **ਸਿਰਫ਼ ਦੇਖ ਕੇ ਹੀ ਕੀਤੀ ਜਾਂਦੀ ਹੈ**, ਅਤੇ ਕਦੇ ਵੀ ਕਿਸੇ ਨਿੱਜੀ ਖੇਤਰ ਨੂੰ ਛੂਹਣਾ ਨਹੀਂ ਹੁੰਦਾ
- **ਦਸਤਾਵੇਜ਼ਾਂ ਨਾਲ ਕੀਤੀ ਜਾਵੇ** ਪੁਲਿਸ ਦੁਆਰਾ ਦਸਤਾਵੇਜ਼ੀ ਤੌਰ 'ਤੇ, ਤਲਾਸ਼ੀ ਦੇ ਕਾਰਨਾਂ ਅਤੇ ਇਸ ਦੇ ਕੀਤੇ ਜਾਣ ਦੇ ਤਰੀਕੇ ਦੇ ਵਰਣਨ ਕਰਨ ਚਾਹੀਦਾ ਹੈ।

ਸਰੀਰਕ ਸੁਰਖਾਂ ਦੀ ਤਲਾਸ਼ੀ ਤੀਜੀ ਕਿਸਮ ਦੀ ਸਰੀਰਕ ਤਲਾਸ਼ੀ ਹੈ ਜੋ ਸਿਰਫ ਤਾਂ ਹੀ ਕੀਤੀ ਜਾਂਦੀ ਹੈ ਜੇ ਕੋਈ ਕੱਪੜਿਆਂ ਦੇ ਅੰਦਰ ਦੀ ਤਲਾਸ਼ੀ ਇਹ ਦਰਸਾਉਂਦੀ ਹੈ ਕਿ ਸਰੀਰ ਦੇ ਸੁਰਾਖ ਵਿੱਚ ਕੋਈ ਹਥਿਆਰ ਜਾਂ ਸਬੂਤ ਹੈ। ਉਰੋਕਤ ਸੂਚੀਬੱਧ, ਕੱਪੜਿਆਂ ਦੇ ਅੰਦਰ ਦੀਆਂ ਤਲਾਸ਼ੀਆਂ ਲਈ ਸਰੀਰ ਦੇ ਸੁਰਾਖਾਂ ਦੀ ਤਲਾਸ਼ੀ ਲਈ ਵੀ ਉਹੀ ਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ। ਤੁਹਾਡੇ ਕੋਲ ਵਸਤੂ ਨੂੰ ਖੁਦ ਹਟਾਉਣ ਜਾਂ ਕਿਸੇ ਸਿਖਲਾਈ ਪਰ੍ਾਪਤ ਮੈਡੀਕਲ ਪੇਸ਼ੇਵਰ ਦੁਆਰਾ ਇਸ ਨੂੰ ਹਟਾਉਣ ਦੇ ਵਿਕਲਪ ਵੀ ਮੌਜੂਦ ਹੁੰਦੇ ਹਨ।

# ਵਾਹਨਾਂ ਦੀਆਂ ਤਲਾਸ਼ੀਆਂ

ਪੁਲਿਸ ਤੁਹਾਡੀ ਕਾਰ ਦੀ ਤਲਾਸ਼ੀ ਲੈ ਸਕਦੀ ਹੈ ਜੇ:

1. ਤੁਸੀ ਉਨਹ੍ਾਂ ਨੂੰ ਇਜਾਜ਼ਤ ਦਿਓ। ਜੇ ਕੋਈ ਪੁਲਿਸ ਅਫ਼ਸਰ ਸਿਰਫ਼ ਇਹ ਹੀ ਕਹਿੰਦਾ ਹੈ, "ਕੀ ਤੁਸੀਂ ਮੈਨੂੰ ਦਿਖਾ ਸਕਦੇ ਹੋ ਕਿ ਉਸ ਬੈਗ ਦੇ ਅੰਦਰ ਕੀ ਹੈ?", ਅਤੇ ਤੁਸੀ ਦਿਖਾ ਦਿੰਦੇ ਹੋ, ਇਹ ਸਹਿਮਤੀ ਦੇਣਾ ਹੁੰਦਾ ਹੈ। ਤੁਸੀਂ ਇਸ ਤਰਹ੍ਾਂ ਦੇ ਸਵਾਲਾਂ ਲਈ "ਨਾਂਹ" ਕਹਿ ਸਕਦੇ ਹੋ। ਜੇ ਉਹ ਤਲਾਸ਼ੀ ਜਾਰੀ ਰੱਖਦੇ ਹਨ ਤਾਂ ਉਹਨਾਂ ਨੂੰ ਸਰੀਰਕ ਤੌਰ 'ਤੇ ਰੋਕਣ ਦੀ ਕੋਸ਼ਿਸ਼ ਨਾ ਕਰੋ। ਤੁਸੀ ਬਾਅਦ ਵਿੱਚ ਆਪਣੇ ਅਧਿਕਾਰ ਲਾਗੂ ਕਰ ਸਕਦੇ ਹੋ।
2. ਤੁਹਾਨੂੰ ਗੱਡੀ ਚਲਾਉਂਦੇ ਸਮੇਂ ਜਾਂ ਤੁਹਾਡੀ ਕਾਰ ਵਿੱਚੋਂ ਗਿਰਫ਼ਤਾਰ ਕੀਤਾ ਜਾਂਦਾ ਹੈ।
3. ਉਹਨਾਂ ਕੋਲ ਇਹ ਵਿਸ਼ਵਾਸ ਕਰਨ ਲਈ ਵਾਜਬ ਅਤੇ ਸੰਭਾਵਿਤ ਆਧਾਰ ਹੋਣ ਕਿ ਤੁਸੀ ਇੱਕ ਅਪਰਾਧਿਕ ਜੁਰਮ ਕੀਤਾ ਹੈ, ਜਿਵੇਂ ਕਿ ਖਤਰਨਾਕ ਢੰਗ ਨਾਲ ਡਰਾਈਵਿੰਗ।
4. ਤੁਹਾਨੂੰ ਇੱਕ ਟਰੈ੍ਫਿਕ ਸੰਬੰਧੀ ਜੁਰਮ ਲਈ ਰੋਕਿਆ ਗਿਆ ਹੈ **ਅਤੇ** ਫਿਰ ਇੱਕ ਅਫ਼ਸਰ ਕੁਝ ਦੇਖਦਾ ਹੈ ਜੋ ਉਹਨਾਂ ਨੂੰ ਵਾਜਬ ਸ਼ੱਕ ਪਰ੍ਦਾਨ ਕਰਦਾ ਹੈ ਕਿ ਤੁਸੀ ਕੋਈ ਅਪਰਾਧ ਕੀਤਾ ਹੈ, ਜਾਂ ਕਰਨ ਵਾਲੇ ਹੋ। ਉਦਾਹਰਨ ਲਈ, ਜੇ ਕੋਈ ਅਫ਼ਸਰ ਤੁਹਾਨੂੰ ਤੇਜ਼ ਰਫਤਾਰ ਲਈ ਰੋਕਦਾ ਹੈ, ਅਤੇ ਫਿਰ ਭੰਗ ਦੀ ਤੇਜ਼ ਗੰਧ ਨੂੰ ਮਹਿਸੂਸ ਕਰਦਾ ਹੈ, ਤਾਂ ਉਹਨਾਂ ਨੂੰ ਵਾਜਬ ਸ਼ੱਕ ਹੋ ਸਕਦਾ ਹੈ ਕਿ ਤੁਸੀ ਨਸ਼ੇ ਵਿੱਚ ਗੱਡੀ ਚਲਾ ਰਹੇ ਸੀ।

# ਸੈੱਲ ਫੋਨਾਂ ਅਤੇ ਕੰਪਿਊਟਰਾਂ ਦੀਆਂ ਤਲਾਸ਼ੀਆਂ

ਪੁਲਿਸ ਨੂੰ ਆਮ ਤੌਰ 'ਤੇ ਤੁਹਾਡੇ ਨਿੱਜੀ ਇਲੈਕਟ੍ਰਾਨਿਕ ਡਿਵਾਈਸਾਂ ਦੀ ਤਲਾਸ਼ੀ ਕਰਨ ਲਈ ਵਾਰੰਟ ਪ੍ਰਾਪਤ ਕਰਨਾ ਪੈਂਦਾ ਹੈ।

ਜੇ ਤੁਹਾਨੂੰ ਗਿਰਫ਼ਤਾਰ ਕੀਤਾ ਜਾਂਦਾ ਹੈ, ਤਾਂ ਪੁਲਿਸ ਸਿਰਫ਼ ਤੁਹਾਡੇ ਸੈੱਲ ਫ਼ੋਨ ਦੀ ਹੀ ਤਲਾਸ਼ੀ ਕਰ ਸਕਦੀ ਹੈ ਜੇ:

1. ਗਿਰਫ਼ਤਾਰੀ ਕਾਨੂੰਨੀ ਹੈ,
2. ਪੁਲਿਸ ਕੋਲ ਤਲਾਸ਼ੀ ਕਰਨ ਲਈ ਤਿੰਨ ਵਿਸ਼ੇਸ਼ ਕਾਨੂੰਨ ਲਾਗੂ ਕਰਨ ਵਾਲੇ ਕਾਰਨਾਂ ਵਿੱਚੋਂ ਇੱਕ ਹੁੰਦਾ ਹੈ,
3. ਤਲਾਸ਼ੀ ਦੀ ਕਿਸਮ ਅਤੇ ਸੀਮਾ ਇਹਨਾਂ ਕਾਰਨਾਂ ਵਿੱਚੋਂ ਇੱਕ ਨਾਲ ਮੇਲ ਖਾਂਦੀ ਹੈ, ਅਤੇ
4. ਪੁਲਿਸ ਇਸ ਬਾਰੇ ਵਿਸਥਾਰਿਤ ਨੋਟਸ ਲੈਂਦੀ ਹੈ ਕਿ ਉਹਨਾਂ ਨੇ ਕੀ ਤਲਾਸ਼ੀ ਕੀਤੀ ਹੈ ਅਤੇ ਕਿਉਂ।

ਇਹ ਤਲਾਸ਼ੀ ਕਰਨ ਲਈ ਤਿੰਨ ਵਿਸ਼ੇਸ਼ ਕਾਰਨ ਹੁੰਦੇ ਹਨ: ਪੁਲਿਸ ਜਾਂ ਜਨਤਕ ਸੁਰੱਖਿਆ, ਸਬੂਤ ਨੂੰ ਸੁਰੱਖਿਅਤ ਰੱਖਣਾ, ਜਾਂ ਸਬੂਤ ਖੋਜਣਾ। ਭਾਵੇਂ, ਅਫ਼ਸਰ ਨੂੰ ਸਿਰਫ ਹਾਲ ਹੀ ਦੀਆਂ ਈਮੇਲਾਂ, ਟੈਕਸਟ ਅਤੇ ਫੋਟੋਆਂ ਨੂੰ ਵੇਖਣਾ ਚਾਹੀਦਾ ਹੈ, ਤੁਹਾਡੇ ਦੁਆਰਾ ਹਫ਼ਤੇ ਪਹਿਲਾਂ ਭੇਜੇ ਗਏ ਸੁਨੇਹਿਆਂ ਨੂੰ ਨਹੀਂ ਫਰੋਲਣਾ ਚਾਹੀਦਾ।

# ਜਾਇਦਾਦ ਜ਼ਬਤ ਕਰਨਾ

ਜ਼ਬਤੀਆਂ ਉਦੋਂ ਹੁੰਦੀਆਂ ਹਨ ਜਦੋਂ ਪੁਲਿਸ ਅਫ਼ਸਰ ਤੁਹਾਚਾ ਕੋਈ ਸਮਾਨ ਲੈ ਲੈਂਦੇ ਹਨ, ਅਤੇ ਸੁਰੱਖਿਆ ਕਾਰਨਾਂ ਕਰਕੇ, ਸਬੂਤ ਇਕੱਠੇ ਕਰਨ ਲਈ, ਜਾਂ ਅਦਾਲਤੀ ਕਾਰਵਾਈ ਵਿੱਚ ਪੇਸ਼ ਕਰਨ ਲਈ ਇਸ ਨੂੰ ਕੋਲ ਰੱਖਦੇ ਹਨ। ਕਿਸੇ ਸਮਾਨ ਨੂੰ ਜ਼ਬਤ ਕਰਨ ਲਈ, ਪੁਲਿਸ ਨੂੰ ਇਹ ਲੋੜ ਹੁੰਦੀ ਹੈ:

1. **ਤੁਹਾਡੀ ਇਜਾਜ਼ਤ।**
2. **ਇੱਕ ਵਾਰੰਟ।** ਇਸ ਵਿੱਚ ਜ਼ਬਤ ਕੀਤੇ ਜਾਣ ਵਾਲੇ ਸਮਾਨ ਜਾਂ ਕਿਸਮਾਂ ਨੂੰ ਦਰਸਾਇਆ ਜਾਣਾ ਚਾਹੀਦਾ ਹੈ।
3. **ਵਾਜਬ ਅਤੇ ਸੰਭਾਵਿਤ ਆਧਾਰ** ਇਹ ਵਿਸ਼ਵਾਸ ਕਰਨ ਲਈ ਕਿ ਵਸਤੂ(ਆਂ) ਨੂੰ ਲੈਣਾ ਜਨਤਕ ਸੁਰੱਖਿਆ ਲਈ ਜ਼ਰੂਰੀ ਹੈ ਜਾਂ ਅਪਰਾਧ ਦਾ ਸਬੂਤ ਹੈ।

ਪੁਲਿਸ ਇਹਨਾਂ ਦੀ ਜ਼ਬਤੀ ਕਰ ਸਕਦੀ ਹੈ:

- ਤੁਹਾਡੇ ਦੁਆਰਾ ਭੁਗਤਾਨ ਕੀਤੀ ਗਈ ਕੋਈ ਵੀ ਚੀਜ਼ ਜੋ ਅਪਰਾਧਿਕ ਗਤੀਵਿਧੀ ਤੋਂ ਆਈ ਹੋਵੇ, ਭਾਵੇਂ ਤੁਹਾਨੂੰ ਇਹ ਪਤਾ ਨਾ ਵੀ ਹੋਵੇ।
- ਅੱਤਵਾਦੀ ਗਤੀਵਿਧੀ ਜਾਂ ਸੰਗਠਨ ਵਿੱਚ ਸ਼ਾਮਲ ਕੋਈ ਵੀ ਜਾਇਦਾਦ।
- ਅਜਿਹੀ ਜਾਇਦਾਦ ਜਿਸ ਦੀ ਵਰਤੋਂ ਤੁਸੀਂ ਅਪਰਾਧ ਕਰਨ ਲਈ ਕੀਤੀ ਹੋ ਸਕਦੀ ਹੈ, ਜਾਂ ਜਾਇਦਾਦ ਜੋ ਕਿ ਇੱਕ ਗੈਰ-ਕਾਨੂੰਨੀ ਹੈਂਡਗਨ ਵਰਗੀ ਹੈ, ਜੋ ਕਿ ਇੱਕ ਅਪਰਾਧ ਹੈ।
- ਕੋਈ ਵੀ ਚੀਜ਼ ਜੋ ਉਹਨਾਂ ਨੂੰ ਸਬੂਤ ਦੇ ਸਕਦੀ ਹੋਵੇ। ਅਦਾਲਤ ਨੂੰ ਅਦਾਲਤ ਦੀ ਪਰ੍ਕਿਰਿਆ ਦੇ ਆਖਿਰ ਵਿੱਚ ਤੁਹਾਡੀ ਕਾਨੂੰਨੀ ਤੌਰ 'ਤੇ ਕਮਾਈ ਜਾਇਦਾਦ ਨੂੰ ਵਾਪਸ ਕਰਨ ਦਾ ਹੁਕਮ ਦੇਣਾ ਚਾਹੀਦਾ ਹੈ।

## ਮਹੱਤਵਪੂਰਨ ਫ਼ੋਨ ਨੰਬਰ

ਐਕਸੈਸ ਪਰੋ੍ ਬੋਨੋ ਮੈਂਟਲ ਹੈਲਥ ਪਰੋ੍ਗਰਾਮ........... 604-482-3195 ਨਾਲ ਹੀ 1500/1-877-762-6664

ਐਕਸੈਸ ਪਰੋ੍ ਬੋਨੋ ਸਮਰੀ ਐਡਵਾਈਸ ਪਰੋ੍ਗਰਾਮ.........1-877-762-6664

ਅਤੀਰਾ ਵੂਮੈਨਜ਼ ਰਿਸੋਰਸ ਸੋਸਾਇਟੀ...........604 331 1407 ਨਾਲ ਹੀ 114

ਬੇਲਾ ਕੂਲਾ ਲੀਗਲ ਐਡਵੋਕੇਸੀ ਪਰੋ੍ਗਰਾਮ .....................250-982-2110

ਬਰ੍ਾਈਡਜ਼ ਲਾਈਨ BC ...............................................1-866-458-5500

ਕਮਿਊਨਿਟੀ ਲੀਗਲ ਅਸਿਸਟੈਂਸ ਸੁਸਾਇਟੀ................................ 604-685-3425 ਜਾਂ 1-888-685-6222

ਡਿਸਬਿਲਟੀ ਲਾਅ ਕਲੀਨਿਕ......236-427-1108 / 1-800-663-1278

ਲਾਅ ਸੈਂਟਰ.......................................................................250-385-1221

ਲੀਗਲ ਏਡ BC ........................... 604-408-2172/1-866-577-2525

ਮਾਈਗਰੇ੍ਂਟ ਵਰਕਰਜ਼ ਸੈਂਟਰ ..........................................604-669-4482

MOSAIC .......................................................................604-254-9626

ਨੇਟਿਵ ਕੋਰਟਵਰਕਰ ਐਂਡ ਕਾਉਂਸਲਿੰਗ ਐਸੋਸੀਏਸ਼ਨ ਆਫ਼ BC....................................................604-985-5355

ਸੁਸਾਇਟੀ ਫਾਰ ਚਿਲਡਰਨ ਐਂਡ ਯੂਥ...............................778-657-5544

ਬ੍ਰਿਬਿਰ੍ਟੀਸ਼ ਕੋਲੰਬੀਆ ਦਾ ਸਾਊਥ ਏਸ਼ੀਆ ਲੀਗਲ ਕਲੀਨਿਕ................................ 604-878-7400 ਜਾਂ 1-877-762-6664

UBC ਲਾਅ ਵਿਦਿਆਰਥੀਆਂ ਦਾ ਲੀਗਲ ਐਡਵਾਈਸ ਪਰੋ੍ਗਰਾਮ.......................................................................604-822-5791

# ਗਿਰਫ਼ਤਾਰੀ ਸੰਬੰਧੀ ਮੁਕੰਮਲ ਗਾਇਡ ਤੱਕ ਪਹੁੰਚ ਕਰੋ

ਇਹ ਕਿਤਾਬ BCCLA ਦੀ ਗਿਰਫ਼ਤਾਰੀ ਸੰਬੰਧੀ ਤਿਾਬਚੇ ਦੇ ਸੰਸਕਰਣ ਦਾ ਪਾਕੇਟ ਸਾਇਜ਼ ਸੰਸਕਰਣ ਹੈ। ਇਸ ਗਿਰਫ਼ਤਾਰੀ ਸੰਬੰਧੀ ਹੈਂਡਬੁੱਕ ਦੇ ਇੱਕ ਡਿਜੀਟਲ ਸੰਸਕਰਣ ਤੱਕ ਹੇਠਾਂ ਦਿੱਤੇ QR ਕੋਡ ਦੀ ਵਰਤੋਂ ਕਰਕੇ ਪਹੁੰਚ ਕੀਤੀ ਜਾ ਸਕਦੀ ਹੈ।

ਇਹ ਪਰ੍ਕਾਸ਼ਨ BC ਦੀ ਲਾਅ ਫਾਊਂਡੇਸ਼ਨ ਅਤੇ ਦ ਕੈਨੇਡੀਅਨ ਬਾਰ ਲਾਅ ਫਾਰ ਦ ਫਿਊਚਰ ਫੰਡ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ।

THE LAW FOUNDATION OF BRITISH COLUMBIA